بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ   13.11.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਅਬਦੁਲੱਾਹ ਬਿਨ ਉਮਰੋ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਬੁ ਦਜਾਨਹ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਨਵੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعَالَمِيۡنَ۔ الرَّحۡمٰنِ الرَّحِيۡمِ۔ مَالِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔
اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਬਦਰੀ ਸਹਾਬਾ ਦਾ ਜ਼ਿਕਰ ਹੋਵੇਗਾ । ਹਜ਼ਰਤ ਅਬਦੁਲੱਾਹ ਬਿਨ ਉਮਰੋ ਦਾ ਜ਼ਿਕਰ ਚੱਲ ਰਿਹਾ ਸੀ । ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਉਹਦ ਦੀ ਜੰਗ ਦੇ ਦਿਨ ਮੇਰੇ ਪਿਤਾ ਨੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਇਸ ਹਾਲ ਵਿੱਚ ਲਿਆਂਦਾ ਗਿਆ ਕਿ ਆਪਦੇ ਸ਼ਰੀਰ ਦੇ ਅੰਗ ਕੱਟ ਦਿੱਤੇ ਗਏ ਸਨ ਵਿਸ਼ੇਸ਼ ਕਰਕੇ ਨੱਕ ਤੇ ਕੰਨ੍ਹ । ਆਪ ਦੀ ਮ੍ਰਿਤਕ ਦਿਹ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਸਾਹਮਣੇ ਰੱਖੀ ਗਈ ਤਾਂ ਕਹਿੰਦੇ ਹਨ ਕਿ ਮੈਂ ਉਹਨਾ ਦੇ ਚਿਹਰੇ ਉਪਰੋਂ ਕਪੜਾ ਚੁਕੱਣ ਲਗੱਾਂ ਤਾਂ ਲੋਕਾਂ ਨੇ ਮੈਂਨੂੰ ਮਨਾ ਕੀਤਾ । ਫਿਰ ਲੋਕਾਂ ਨੇ ਇਕ ਇਸਤਰੀ ਦੀ ਚੀਕਣ ਦੀ ਅਵਾਜ਼ ਸੁਣੀ ਤਾਂ ਕਿਸੇ ਨੇ ਕਿਹਾ ਕਿ ਉਹ ਹਜ਼ਰਤ ਅਬਦੁਲੱਾਹ ਬਿਨ ਉਮਰੋ ਦੀ ਬੇਟੀ ਹਨ, ਉਹਨਾ ਦਾ ਨਾਂ ਹਜ਼ਰਤ ਫ਼ਤਿਮਾ ਬਿੰਤ ਉਮਰੋ ਸੀ ਜਾਂ ਇਹ ਵੀ ਕਿਹਾ ਜਾਂਦਾ ਹੈ ਕਿ ਹਜ਼ਰਤ ਅਬਦੁਲੱਾਹ ਬਿਨ ਉਮਰੋ ਦੀ ਭੈਣ ਸਨ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਨ ਰੋਵੋ ਕਿਉਂਕਿ ਫ਼ਰਿਸ਼ਤੇ ਨਿਰੰਤਰ ਇਸ'ਤੇ ਆਪਣੇ ਪਰਾਂ ਦੀ ਛਾਂ ਕੀਤੇ ਹੋਏ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਉਹਦ ਦੀ ਜੰਗ ਵਿੱਚ ਸ਼ਹੀਦ ਹੋਣ ਵਾਲਿਆਂ ਦੀ ਨਮਾਜ਼ ਜਨਾਜ਼ਾਹ ਬਾਰੇ ਵੱਖ ਵੱਖ ਮਤਿ ਹਨ । ਸਹੀ ਬੁਖ਼ਾਰੀ ਦੀ ਰਿਵਾਇਤ ਵਿੱਚ ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਨ ਤਾਂ ਇਹਨਾ ਨੂੰ ਨੁਹਾਇਆ ਗਿਆ ਅਤੇ ਨ ਹੀ ਇਹਨਾ ਦੀ ਨਾਮਜ਼ ਜਨਾਜ਼ਾਹ ਪੜ੍ਹੀ ਗਈ । ਸਹੀ ਬੁਖ਼ਾਰੀ ਦੀ ਇਕ ਹੋਰ ਰਿਵਾਇਤ ਇਹ ਵੀ ਹੈ ਕਿ ਆਪ ਸਲਲੱਾਹੁ ਅਲੈਹਿ ਵਸਲਮ ਨੇ ਉਹਦ ਦੀ ਜੰਗ ਦੇ ਸ਼ਹੀਦਾਂ ਦੀ ਨਮਾਜ਼ ਜਨਾਜ਼ਾਹ ਪੜ੍ਹੀ । ਬੁਖਾਰੀ ਦੀ ਇਕ ਹੋਰ ਰਿਵਾਇਤ ਵਿੱਚ ਹੈ ਕਿ ਆਪ ਸਲਲੱਾਹੁ ਅਲੈਹਿ ਵਸਲਮ ਨੇ ਉਹਦ ਦੀ ਜੰਗ ਦੇ

ਸ਼ਹੀਦਾਂ ਦੀ ਨਾਮਜ਼ ਜਨਾਜ਼ਾਹ ਉਹਦ ਦੀ ਜੰਗ ਦੇ ਅੱਠ ਸਾਲ ਬਾਦ ਪੜ੍ਹੀ । ਸੁਨਨ ਇਬਨੇ ਮਾਜਾ ਵਿੱਚ ਹੈ ਕਿ ਆਪ ਸਲਲੱਾਹੁ ਅਲੈਹਿ ਵਸਲਮ ਦੱਸ ਦੱਸ ਸ਼ਹੀਦਾਂ ਦੀ ਨਮਾਜ਼ ਜਨਾਜ਼ਾਹ ਪੜ੍ਹਦੇ ਅਤੇ ਹਜ਼ਰਤ ਹਮਜ਼ਾਹ ਦੀ ਮ੍ਰਿਤਕ ਦਿਹ ਆਪ ਸਲਲੱਾਹੁ ਅਲੈਹਿ ਵਸਲਮ ਕੋਲ ਮੌਜੂਦ ਰਹਿੰਦੀ ਜੱਦ ਕਿ ਬਾਕੀ ਸ਼ਹੀਦਾਂ ਨੂੰ ਲੈ ਜਾਇਆ ਜਾਂਦਾ । ਸੁਨਨ ਅਬੂ ਦਾਊਦ ਵਿੱਚ ਹੈ ਕਿ ਇਹਨਾਂ ਨੂੰ ਇਹਨਾਂ ਦੇ ਰਕਤ ਅਰਥਾਤ ਜ਼ਖ਼ਮਾ ਸਣੇ ਹੀ ਦਫ਼ਨਾ ਦਿਤੱਾ ਗਿਆ ਅਤੇ ਇਹਨਾਂ ਵਿੱਚੋਂ ਕਿਸੇ ਦੀ ਵੀ ਨਮਾਜ਼ ਜਨਾਜ਼ਾਹ ਨਹੀਂ ਪੜ੍ਹੀ ਗਈ । ਸਰੀਤ ਖ਼ਾਤਮਨੱਬੀੱਯੀਨ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਐਮ.ਏ. ਰਜ਼ੀ ਅਲੱਾਹ ਅਨਹੁ ਲਿਖੱਦੇ ਹਨ ਕਿ ਉਸ ਸਮੇਂ ਨਮਾਜ਼ ਜਨਾਜ਼ਾਹ ਨਹੀਂ ਪੜ੍ਹੀ ਗਈ ਪਰੰਤੂ ਬਾਦ ਵਿੱਚ ਨੇੜੇ ਦੇ ਸਮੇਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਵਿਸ਼ੇਸ਼ ਰੂਪ ਵਿੱਚ ਉਹਦ ਦੇ ਸ਼ਹੀਦਾਂ ਦੀ ਨਮਾਜ਼ ਜਨਾਜ਼ਾਹ ਪੜ੍ਹੀ ।

ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਮੈਂ ਆਪਣੇ ਪਿਤਾ ਲਈ ਉਹਦ ਦੀ ਜੰਗ ਦੇ ਛੇ ਮਹੀਂਨਿ ਬਾਦ ਕਬਰ ਬਣਾਈ ਅਤੇ ਉਹਨਾ ਨੂੰ ਇਸ ਵਿੱਚ ਦਫ਼ਨ ਕੀਤਾ ਤਾਂ ਮੈਂ ਉਹਨਾ ਦੇ ਸ਼ਰੀਰ ਵਿੱਚ ਕੋਈ ਪਰਿਵਰਤਨ ਨਹੀਂ ਦੇਖਿਆ ।

ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਮੈਂਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮਿਲੇ ਤਾਂ ਆਪਨੇ ਫ਼ਰਮਾਇਆ ਹੇ ਜਾਬਰ ਕੀ ਗੱਲ ਹੈ ਮੈਂ ਤੁਹਾਨੂੰ ਦੁਖੀ ਦੇਖ ਰਿਹਾ ਹਾਂ, ਮੈਂ ਬਿਨਤੀ ਕੀਤੀ, ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੇਰੇ ਪਿਤਾ ਉਹਦ ਦੀ ਜੰਗ ਵਿੱਚ ਸ਼ਹੀਦ ਹੋ ਗਏ ਅਤੇ ਉਹ ਕਰਜ਼ ਤੇ ਸੰਤਾਨ ਛੱਡ ਗਏ ਹਨ । ਆਪ ਨੇ ਫ਼ਰਮਾਇਆ ਕੀ ਮੈਂ ਤੁਹਾਨੂੰ ਉਸ ਚੀਜ਼ ਦੀ ਖ਼ੁਸ਼ਖ਼ਬਰੀ ਨ ਦਿਆਂ, ਜਿਵੇਂ ਰੱਬ ਨੇ ਤੁਹਾਡੇ ਪਿਤਾ ਨਾਲ ਮੁਲਾਕਾਤ ਕੀਤੀ ਹੈ, ਮੈਂ ਅਰਜ਼ ਕੀਤੀ, ਜੀ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ । ਆਪ ਨੇ ਫ਼ਰਮਾਇਆ ਰੱਬ ਨੇ ਕਿਸੇ ਨਾਲ ਕਲਾਮ ਨਹੀਂ ਕੀਤਾ ਪਰ ਪਰਦੇ ਦੇ ਪਿੱਛੋਂ ਪਰੰਤੂ ਰੱਬ ਨੇ ਤੁਹਾਡੇ ਪਿਤਾ ਨੂੰ ਜੀਉਂਦਾ ਕੀਤਾ ਅਤੇ ਫਿਰ ਉਹਨਾ ਨਾਲ ਆਹਮਣੇ ਸਾਹਮਣੇ ਹੋਕੇ ਕਲਾਮ ਕੀਤਾ ਅਤੇ ਫ਼ਰਮਾਇਆ ਹੇ ਮੇਰੇ ਬੰਦੇ ਮੈਥੋਂ ਮੰਗ ਕਿ ਮੈਂ ਤੈਂਨੂੰ ਦਿਆਂ । ਉਹਨਾ ਦੇ ਅਰਜ਼ ਕੀਤੀ ਕਿ ਹੇ ਮੇਰੇ ਰੱਬ ਜੀਓ, ਮੈਂਨੂੰ ਦੁਬਾਰਾ ਜੀਊਂਦਾ ਕਰ ਤਾਂ ਜੋ ਮੈਂ ਦੁਬਾਰਾ ਤੇਰੇ ਮਾਰਗ ਵਿੱਚ ਕਤਲ ਕੀਤਾਂ ਜਾਵਾਂ । ਇਸ'ਤੇ ਰੱਬ ਨੇ ਫ਼ਰਮਾਇਆ ਕਿ ਮੈਂ ਇਹ ਨਿਰਣਾ ਕਰ ਚੁੱਕਿਆ ਹਾਂ ਕਿ ਜੋ ਇਕ ਵਾਰ ਮਰ ਜਾਏ ਉਹ ਦੁਨੀਆ ਵਿੱਚ ਦੁਬਾਰਾ ਨਹੀਂ ਪਰਤਾਇਆ ਜਾਏਗਾ । ਹਜ਼ਰਤ ਅਬਦੁਲੱਾਹ ਬਿਨ ਉਮਰੋ ਨੇ ਰੱਬ ਅੱਗੇ ਅਰਜ਼ ਕੀਤੀ ਕਿ ਹੇ ਮੇਰੇ ਰੱਬ ਜੀਓ ਮੇਰੇ ਪਿੱਛੇ ਰਹਿਣ ਵਾਲਿਆਂ ਤੱਕ ਇਹ ਗੱਲ ਪਹੁੰਚਾ ਦੇ । ਇਸ ਮੌਕੇ'ਤੇ ਰੱਬ ਨੇ ਇਹ ਆਇਤ ਨਾਜ਼ਲ ਕੀਤੀ ਕਿ 'ਵਲਾ ਤਹਸਾਬਨੱਲੱਜ਼ੀਨਾ ਕੁਤਿਲੂ ਫ਼ੀ ਸਬੀਲਿਲੱਾਹਿ ਅਮਵਾਤਾ, ਬੱਲ ਅਹਯਾਉਨ ਇੰਦਾ ਰੱਬਿਹਿਮ ਯੁਰਜ਼ਾਕੂਨ, (وَلَا تَحۡسَبَنَّ الَّذِيۡنَ قُتِلُوۡا فِىۡ سَبِيۡلِ اللّٰهِ اَمۡوَاتًا ؕ بَلۡ اَحۡيَآءٌ عِنۡدَ رَبِّهِمۡ يُرۡزَقُوۡنَ) ਅਰਥਾਤ ਜੋ ਰੱਬ ਦੇ ਮਾਰਗ ਵਿੱਚ ਮਾਰੇ ਗਏ ਤੁਸੀਂ ਉਹਨਾ ਨੂੰ ਉਕੱਾ ਹੀ ਮੁਰਦਾ ਨ ਸਮਝੋ ਸਗੋਂ ਉਹ ਜੀਊਂਦੇ ਹਨ । ਉਹਨਾ ਨੂੰ ਉਹਨਾ ਦੇ ਰੱਬ ਕੋਲ ਰਿਜ਼ਕ ਪ੍ਰਦਾਨ ਕੀਤਾ ਜਾ ਰਿਹਾ ਹੈ ।

ਹਜ਼ੂਰ ਅਨਵਰ ਨੇ ਫ਼ਰਮਰਾਇਆ : ਅਗਲੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੈ ਉਹਨਾ ਦਾ ਨਾਂ ਹਜ਼ਰਤ ਅਬੂ ਦਜਾਨਹ ਹੈ । ਇਹਨਾ ਨਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਸਾਆਦਹ ਨਾਲ ਹੈ । ਹਜ਼ਰਤ ਅਬੂ ਦਜਾਨਹ ਬਦਰ ਤੇ ਉਹਦ ਦੀ ਜੰਗ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਰਹੇ । ਹਜ਼ਰਤ ਅਬੂ ਦਜਾਨਹ ਦੀ ਗਿਣਤੀ ਅੰਸਾਰ ਦੇ ਮਹਾਨ ਸਹਾਬਾ ਵਿੱਚ ਹੁੰਦਾ ਸੀ ਅਤੇ ਉਹਨਾਂ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਜੰਗਾ ਵਿੱਚ ਵਿਸ਼ੇਸ਼ ਅਸਥਾਨ ਪ੍ਰਾਪਤ ਸੀ । ਜੱਦ ਜੰਗ ਹੁੰਦੀ ਤਾਂ ਹਜ਼ਰਤ ਅਬੂ ਦਜਾਨਹ ਬਹੁਤ ਬੌਧਿਕਤਾ ਪ੍ਰਕਟ ਕਰਦੇ ਅਤੇ ਉਹ ਕਮਾਲ ਦੇ ਘੁੜਸਵਾਰ ਸਨ । ਉਹਨਾ ਕੋਲ ਸੁਰਖ਼ (ਲਾਲ) ਰੰਗ ਦਾ ਇਕ ਰੁਮਾਲ ਸੀ ਜਿਸਨੂੰ ਉਹ ਕੇਵਲ ਜੰਗ ਸਮੇਂ ਸਿਰ'ਤੇ ਬਨ੍ਹੰਦੇ ਸਨ । ਜੱਦ ਉਹ ਸੁਰਖ਼ ਰੁਮਾਲ

ਸਿਰ'ਤੇ ਬੰਨ੍ਹਦੇ ਤਾਂ ਲੋਕਾਂ ਨੂੰ ਪਤਾ ਲੱਗ ਜਾਂਦਾ ਕਿ ਹੁਣ ਉਹ ਲੜਾਈ ਲਈ ਤਿਆਰ ਹਨ । ਹਜ਼ਰਤ ਅਬੂ ਦਜਾਨਹ ਦੀ ਗਿਣਤੀ ਦਲੇਰ ਤੇ ਬਹਾਦੁਰ ਲੋਕਾਂ ਵਿੱਚ ਹੁੰਦੀ ਸੀ । ਮੁਹਮੱਦ ਬਿਨ ਇਬ੍ਰਾਹੀਮ ਆਪਣੇ ਪਿਤਾਂ ਤੋਂ ਰਿਵਾਇਤ ਕਰਦੇ ਹਨ ਕਿ ਹਜ਼ਰਤ ਅਬੂ ਦਜਾਨਹ ਜੰਗਾ ਵਿੱਚ ਆਪਣੇ ਸੁਰਖ਼ ਰੁਮਾਲ ਕਰਕੇ ਪਛਾਣੇ ਜਾਂਦੇ ਸਨ ਅਤੇ ਬਦਰ ਦੀ ਜੰਗ ਸਮੇਂ ਵੀ ਉਹਨਾ ਦੇ ਸਿਰ'ਤੇ ਸੀ ਅਤੇ ਮੁਹਮੱਦ ਬਿਨ ਉਮਰ ਕਹਿੰਦੇ ਹਨ ਕਿ ਹਜ਼ਰਤ ਅਬੂ ਦਜਾਨਹ ਉਹਦ ਦੀ ਜੰਗ ਵਿੱਚ ਵੀ ਇਸੇ ਪ੍ਰਕਾਰ ਸ਼ਾਮਲ ਹੋਏ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਦ੍ਰਿੜ੍ਹ ਰਹੇ ਅਤੇ ਮੌਤ ਅਸਥਨ'ਤੇ ਆਪ ਨਾਲ ਬੈਅਤ ਕੀਤੀ । ਉਹਦ ਦੀ ਜੰਗ ਦੇ ਦਿਨ ਹਜ਼ਰਤ ਅਬੂ ਦਜਾਨਹ ਅਤੇ ਹਜ਼ਰਤ ਮਸਾਅਬ ਬਿਨ ਉਮੈਰ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਭਰਪੂਰ ਬਚਾਓ ਕੀਤਾ । ਹਜ਼ਰਤ ਅਬੂ ਦਜਾਨਹ ਬਹੁਤ ਜ਼ਖ਼ਮੀ ਹੋ ਗਏ ਸਨ ਅਤੇ ਹਜ਼ਰਤ ਮਸਾਅਬ ਬਿਨ ਉਮੈਰ ਇਸ ਦਿਨ ਸ਼ਹੀਦ ਹੋਏ ।

ਹਜ਼ਰਤ ਅਨਸ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲੱਾਹੁ ਆਲੈਹਿ ਵਸਲਮ ਨੇ ਉਹਦ ਦੇ ਦਿਨ ਇਕ ਤਲਵਾਰ ਫੜੀ ਅਤੇ ਫ਼ਰਮਾਇਆ : 'ਮਨ ਯਾਖ਼ੁਜ਼ੁ ਮਿੱਨੀ ਹਾਜ਼ਾ' (مَنۡ يَأۡخُذُ مِنِّي هٰذَا) ਅਰਥਾਤ ਇਹ ਮੇਰੇ ਕੋਲੋਂ ਕੌਣ ਲਏਗਾ ? ਸਾਰਿਆਂ ਨੇ ਆਪਣੇ ਹੱਥ ਵਧਾਏ ਅਤੇ ਉਹਨਾ ਵਿੱਚੋਂ ਹਰ ਇਕ ਨੇ ਕਿਹਾ ਮੈਂ, ਮੈਂ, ਆਪ ਨੇ ਫਿਰ ਫ਼ਰਮਾਇਆ 'ਫ਼ਮਨ ਯਾਖ਼ੁਜ਼ੁਹੂ ਬਿਹੱਕਿਹੀ' (فَمَنۡ يَأۡخُذُهٗ بِحَقِّهٖ) ਕੌਣ ਇਸ ਨੂੰ ਇਸਦੇ ਹੱਕ ਨਾਲ ਲਏਗਾ ? ਹਜ਼ਰਤ ਅਨਸ ਕਹਿੰਦੇ ਹਨ ਇਸ'ਤੇ ਲੋਕ ਰੁਕ ਗਏ ਤਾਂ ਹਜ਼ਰਤ ਅਬੂ ਦਜਾਨਹ ਨੇ ਕਿਹਾ ਕਿ ਮੈਂ ਇਸ ਨੂੰ ਇਸ ਦੇ ਹੱਕ ਨਾਲ ਲੈਂਦਾ ਹਾਂ । ਹਜ਼ਰਤ ਅਨਸ ਕਹਿੰਦੇ ਹਨ ਕਿ ਉਹਨਾ ਨੇ ਤਲਵਾਰ ਲਈ ਅਤੇ ਮੁਸ਼ਰਿਕਾਂ ਦੇ ਸਿਰ ਪਾੜ ਦਿੱਤੇ ।

ਇਕ ਦੂਜੀ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਅਬੂ ਦਜਾਨਹ ਨੇ ਪੁੱਛਿਆ ਇਸ ਦਾ ਹੱਕ ਕੀ ਹੈ ? ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਇਸ ਨਾਲ ਕਿਸੇ ਮੁਸਲਮਾਨ ਨੂੰ ਕਤਲ ਨ ਕਰਨਾ, ਕਿਸੇ ਕਾਫ਼ਰ ਦੇ ਟਾਕਰੇ'ਤੇ ਨ ਭਜੱਣਾ । ਇਸ'ਤੇ ਹਜ਼ਰਤ ਅਬੂ ਦਜਾਨਹ ਨੇ ਅਰਜ਼ ਕੀਤੀ ਮੈਂ ਇਸ ਤਲਵਾਰ ਨੂੰ ਇਸ ਦੇ ਹੱਕ ਨਾਲ ਲੈਂਦਾ ਹਾਂ । ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬੂ ਦਜਾਨਹ ਨੂੰ ਇਹ ਤਲਵਾਰ ਦਿੱਤੀ ਤਾਂ ਉਹਨਾ ਨੇ ਇਸ ਨਾਲ ਮੁਸ਼ਰਿਕਾਂ ਦੇ ਸਿਰ ਪਾੜ ਦਿੱਤੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਉਹਦ ਦੀ ਜੰਗ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਕ ਤਲਵਾਰ ਪੇਸ਼ ਕੀਤੀ ਅਤੇ ਫ਼ਰਮਾਰਇਆ ਇਹ ਤਲਵਾਰ ਮੈਂ ਉਸ ਵਿਅਕਤੀ ਨੂੰ ਦਿਆਂਗਾ ਜੋ ਇਸ ਦਾ ਹੱਕ ਪੂਰਾ ਕਰਨ ਦਾ ਵਾਦਾ ਕਰੇ । ਬਹੁਤ ਸਾਰੇ ਲੋਕ ਇਸ ਤਲਵਾਰ ਨੂੰ ਲੈਂਣ ਲਈ ਖੜੇ ਹੋਏ । ਆਪ ਨੇ ਅਬੂ ਦਜਾਨਹ ਅੰਸਾਰੀ ਨੂੰ ਉਹ ਤਲਵਾਰ ਦਿੱਤੀ । ਇਕ ਥਾਂ ਮੱਕੇ ਵਾਲਿਆਂ ਦੇ ਕੁਝ ਸਿਪਾਹੀ ਅਬੂ ਦਜਾਨਹ'ਤੇ ਹਮਲਾਵਰ ਹੋਏ । ਆਪ ਨੇ ਦੇਖਿਆ ਕਿ ਇਕ ਸਿਪਾਹੀ ਸਭ ਤੋਂ ਵੱਧ ਜੋਸ਼ ਨਾਲ ਲੜਾਈ ਵਿੱਚ ਭਾਗ ਲੈ ਰਿਹਾ ਹੈ । ਆਪ ਨੇ ਤਲਵਾਰ ਚੁੱਕੀ ਅਤੇ ਉਸ ਵੱਲ ਧਾਵਾ ਕੀਤਾ ਪਰ ਫਿਰ ਉਸ ਨੂੰ ਛਡੱਕੇ ਪਰਤ ਗਏ । ਆਪ ਦੇ ਕਿਸੇ ਮਿਤੱਰ ਦੇ ਪੁੱਛਿਆ ਕਿ ਆਪਨੇ ਉਸ ਨੂੰ ਕਿਉਂ ਛੱਡ ਦਿਤੱਾ ਤਾਂ ਉਹਨਾ ਨੇ ਕਿਹਾ ਕਿ ਜੱਦ ਮੈਂ ਉਸ ਕੋਲ ਗਿਆ ਤਾਂ ਉਸ ਦੇ ਮੂਹੋਂ ਇਕ ਵਾਕ ਅਜਿਹਾ ਨਿਕਲਿਆ ਜਿਸ ਤੋਂ ਮੈਨੂੰ ਪਤਾ ਲੱਗ ਗਿਆ ਕਿ ਉਹ ਪੁਰੁਸ਼ ਨਹੀਂ ਸਗੋਂ ਇਸਤਰੀ ਹੈ । ਅਬੂ ਦਜਾਨਹ ਨੇ ਕਿਹਾ ਮੇਰੇ ਦਿਲ ਨੇ ਨ ਝੱਲਿਆ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਦਿੱਤੀ ਹੋਈ ਤਲਵਾਰ ਨੂੰ ਇਕ ਕਮਜ਼ੋਰ ਇਸਤਰੀ ਉਪੱਰ ਚਲਾਵਾਂ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਭਾਵ ਇਹ ਕਿ ਆਪ ਸਲੱਾਹੁ ਅਲੈਹਿ ਵਸਲਮ ਇਸਤਰੀਆਂ ਦੇ ਅਦਬ ਤੇ ਸਤਿਕਾਰ ਦੀ ਹਮੇਸ਼ਾ ਹੀ ਸਿੱਖਿਆ ਦਿੰਦੇ ਸਨ ਜਿਸਦੇ ਸਬਬ ਕੁਫ਼ੱਾਰ ਦੀਆਂ ਇਸਤਰੀਆਂ ਬਹੁਤੀ ਦਲੇਰੀ ਨਾਲ ਮੁਸਲਮਾਨਾ ਨੂੰ ਹਾਣ ਪਹੁੰਚਾਉਣ ਦਾ ਜਤਨ ਕਰਦੀਆਂ ਸਨ। ਪਰ ਫਿਰ ਵੀ ਮੁਸਲਮਾਨ ਇਹਨਾਂ ਗਲੱਾਂ ਨੂੰ ਸਹਿਨ ਕਰਦੇ ਚਲੇ ਜਾਂਦੇ ਸਨ ।

ਜ਼ੈਦ ਬਿਨ ਅਸਲਮ ਬਿਆਨ ਕਰਦੇ ਹਨ ਕਿ ਹਜ਼ਰਤ ਅਬੂ ਦਜਾਨਹ ਕੋਲ ਲੋਕ ਆਏ ਜੱਦ ਆਪ ਬਿਮਾਰ ਸਨ ਪਰ ਆਪ ਦਾ ਚਿਹਰਾ ਬਹੁਤ ਚਮਕ ਰਿਹਾ ਸੀ । ਕਿਸੇ ਨੇ ਪੁੱਛਿਆ ਕਿ ਆਪਦਾ ਚਿਹਰਾ ਕਿਉਂ ਚਮਕ ਰਿਹਾ ਹੈ ਤਾਂ ਹਜ਼ਰਤ ਅਬੂ ਦਜਾਨਹ ਨੇ ਕਿਹਾ ਮੇਰੇ ਕਰਮਾ ਵਿੱਚੋਂ ਮੇਰੇ ਦੋ ਕੰਮ ਅਜਿਹੇ ਹਨ ਜੋ ਮੇਰੇ ਅਨੁਸਾਰ ਬਹੁਤ ਅਧਿਕ ਭਾਰੇ ਤੇ ਪੱਕੇ ਹਨ, ਪਹਿਲਾ ਇਹ ਕਿ ਮੈਂ ਕਦੇ ਅਜਿਹੀ ਗੱਲ ਨਹੀਂ ਕਰਦਾ ਜਿਸਦਾ ਮੇਰੇ ਨਾਲ ਸੰਬੰਧ ਨ ਹੋਵੇ ਦੂਜਾ ਇਹ ਕਿ ਮੇਰਾ ਦਿਲ ਮੁਸਲਮਾਨਾ ਲਈ ਹਮੇਸ਼ਾ ਸਾਫ਼ ਰਹਿੰਦਾ ਹੈ । ਹਜ਼ਰਤ ਅਬੂ ਦਜਾਨਹ ਯਮਾਮਾ ਦੀ ਜੰਗ ਵਿੱਚ ਸ਼ਹੀਦ ਹੋਏ । ਮੁਸੈਲਮਾ ਕਜ਼ੱਬ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਦੇਹਾਂਤ ਦੇ ਬਾਦ ਝੂਠੀ ਨਬੁਵੱਤ ਦਾ ਦਾਵਾ ਕਰਕੇ ਮਦੀਨਿ ਉਪੱਰ ਹਮਲਾ ਕਰਨ ਦਾ ਨਿਸ਼ਚਾ ਕੀਤਾ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨੇ ਉਸਦਾ ਸਿਰ ਮਿਧੱਣ ਲਈ 12 ਹਿਜਰੀ ਵਿੱਚ ਲਸ਼ਕਰ ਰਵਾਨਾ ਕੀਤਾ । ਹਜ਼ਰਤ ਅਬੂ ਦਜਾਨਹ ਵੀ ਇਸ ਲਸ਼ਕਰ ਦਾ ਭਾਗ ਸਨ । ਹਜ਼ਰਤ ਅਬੂ ਦਜਾਨਹ ਨੇ ਯਮਾਮਾ ਦੀ ਜੰਗ ਵਿੱਚ ਦਲੇਰੀ ਨਾਲ ਜੰਗ ਕੀਤੀ ਅਤੇ ਸ਼ਹੀਦੀ ਦਾ ਅਸਥਾਨ ਪ੍ਰਾਪਤ ਕੀਤਾ ।

ਹਜ਼ੂਰ ਅਨਵਰ ਨੇ ਖ਼ੁਤਬੇ ਦੇ ਅਖ਼ੀਰ ਵਿੱਚ ਇਕ ਸ਼ਹੀਦ ਮੁਕਰੱਮ ਮਹਬੂਬ ਖ਼ਾਨ ਸਾਹਬ ਸਪੁਤੱਰ ਸਯੱਦ ਜਲਾਲ ਸਾਹਬ ਜ਼ਿਲਾ ਪਿਸ਼ਾਵਰ ਜਿੰਨ੍ਹਾ ਨੂੰ ਅਹਮਦੀਆਂ ਦੇ ਵਿਰੋਧੀਆਂ ਨੇ 8 ਨਵੰਬਰ 2020 ਈ. ਨੂੰ ਸਵੇਰੇ ਅੱਠ ਵਜੇ ਪਿੰਡ ਸ਼ੇਖ ਮੁਹਮੱਦ, ਪਿਸ਼ਾਵਰ ਵਿੱਚ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿਤੱਾ । اناللهوانااليهراجعون । ਇਸੇ ਪ੍ਰਕਾਰ ਫ਼ਖ਼ਰ ਅਹਮਦ ਫ਼ਰਖ਼ ਸਾਹਬ ਮੁਰੱਬੀ ਜਮਾਤ ਅਤੇ ਉਹਨਾ ਦੇ ਪੁਤੱਰ ਇਹਤਿਸ਼ਾਮ ਅਬਦੁਲੱਾਹ (ਵਕਫ਼ੇ ਨਓ) ਇਹਨਾ ਦੋਹਾਂ ਪਿਤਾ ਪੁਤੱਰ ਦੀ ਪਹਿਲੀ ਨਵੰਬਰ 2020 ਈ. ਨੂੰ ਰੋਡ ਐਕਸੀਡੈਂਟ ਵਿੱਚ ਮੌਕੇ'ਤੇ ਹੀ ਮੌਤ ਹੋ ਗਈ ਸੀ । اناللهوانااليه راجعون । ਅਤੇ ਮੁਕਰੱਮ ਡਾਕਟਰ ਅਬਦੁਲ ਕਰੀਮ ਸਾਹਬ ਸਪੁਤੱਰ ਮੀਆਂ ਅਬਦੁਲ ਲਤੀਫ਼ ਸਾਹਬ ਰਬਵਾਹ ਦਾ 14 ਸਤੰਬਰ ਨੂੰ 92 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ । اناللهوانااليهراجعون । ਇਹਨਾ ਮਰਹੂਮਾ ਦੇ ਸਦਗੁਣਾ ਨੂੰ ਵਰਨਣ ਕੀਤਾ ਅਤੇ ਦੁਆ ਕੀਤੀ ਕਿ ਅਲੱਾਹ ਤਆਲਾ ਮਰਹੂਮਾ ਦੇ ਦਰਜੇ ਬੁਲੰਦ ਕਰੇ ਅਤੇ ਇਹਨਾ ਦੇ ਵਾਰਸਾਂ ਨੂੰ ਵੀ ਇਹਨਾ ਦੀਆਂ ਨੇਕੀਆਂ ਨੂੰ ਜਾਰੀ ਰਖੱਣ ਦਾ ਬੱਲ ਪ੍ਰਦਾਨ ਕਰੇ ਅਤੇ ਨਮਾਜ਼ ਜੁਮਏ ਦੇ ਬਾਦ ਨਾਮਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 13.11.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131